23

# ਮਸੀਹ ਕਿਉਂ ਆਇਆ

ਮਸੀਹ ਦੀ ਸਿੱਖਿਆ ਆਮ ਤੌਰ 'ਤੇ ਨਕਾਰਾਤਮਕ ਰਵੱਈਏ ਦੀ ਵਰਤੋਂ ਨਾਲ ਭਾਵ ਇਹ ਸਮਝਾਉਣ ਨਾਲ ਹੁੰਦੀ ਸੀ ਕਿ ਕੀ ਸਹੀ ਨਹੀਂ ਹੈ। ਉਹਦਾ ਮੰਨਣਾ ਸੀ ਕਿ ਲੋਕਾਂ ਨੂੰ ਉਲਝਣ ਵਿਚ ਪੈਣੋਂ ਬਚਾਉਣ ਲਈ ਝੂਠੀ ਸਿੱਖਿਆ ਅਤੇ ਵਿਚਾਰਾਂ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਯਿਸੂ ਦੀਆਂ ਸਿੱਖਿਆਵਾਂ ਵਿਚ ਧਰਤੀ 'ਤੇ ਉਸਦੇ ਆਉਣ ਬਾਰੇ ਕਈ ਟਿੱਪਣੀਆਂ ਮਿਲਦੀਆਂ ਹਨ। ਇਹ ''ਨਕਾਰਾਤਮਕ'' ਸਾਨੂੰ ਇਹ ਸੱਚ ਨੂੰ ਸਮਝਣ ਵਿਚ ਸਹਾਇਕ ਹੈ ਕਿ ਉਹ ਕਿਉਂ ਆਇਆ।

## ਉਹ ਜਗਤ ਨੂੰ ਦੋਸ਼ੀ ਠਹਿਰਾਉਣ ਨਹੀਂ, ਸਗੋਂ ਬਚਾਉਣ ਲਈ ਆਇਆ

ਯੂਹੰਨਾ 3:17 ਵਿਚ ਯਿਸੂ ਨੇ ਕਿਹਾ, ''ਪ੍ਰਮੇਸ਼ਵਰ ਨੇ ਪੁੱਤਰ ਨੂੰ ਜਗਤ ਵਿਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ ਸਗੋਂ ਇਸ ਲਈ ਜੋ ਜਗਤ ਉਹਦੇ ਰਾਹੀਂ ਬਚਾਇਆ ਜਾਵੇ।'' ਇਕ ਮੌਕੇ, ਯਾਕੂਬ ਅਤੇ ਯੂਹੰਨਾ ਨੇ ਸਾਮਰੀਆਂ ਦੇ ਕੁਝ ਪਿੰਡਾਂ 'ਤੇ ਅੱਗ ਵਰ੍ਹਾਉਣੀ ਚਾਹੀ,ਕਿਉਂਕਿ ਉਨ੍ਹਾਂ ਨੇ ਯਿਸੂ ਨੂੰ ਇਸ ਕਰਕੇ ਕਬੂਲ ਨਹੀਂ ਕੀਤਾ ਸੀ ਕਿਉਂਕਿ ਉਹ ਯਰੂਸ਼ਲਮ ਵੱਲ ਨੂੰ ਜਾ ਰਿਹਾ ਸੀ। ਯਿਸੂ ਨੇ ਉਨ੍ਹਾਂ ਨੂੰ ਇਹ ਕਹਿ ਕੇ ਡਾਂਟਿਆ, ''ਕਿਉਂ ਜੋ ਮਨੁੱਖ ਦਾ ਪੁੱਤਰ ਲੋਕਾਂ ਨੂੰ ਨਾਸ ਕਰਨ ਨਹੀਂ ਸਗੋਂ ਬਚਾਉਣ ਲਈ ਆਇਆ'' (ਲੂਕਾ 9:56)।

ਖ਼ੁਦਾ ਦੀ ਯੋਜਨਾ ਅਤੇ ਇੱਛਾ ਦੁਨੀਆਂ ਨੂੰ ਬਰਬਾਦ ਕਰਨ ਦੀ ਨਹੀਂ ਸਗੋਂ ਬਚਾਉਣ ਦੀ ਹੈ। ਉਹਨੂੰ ਕਿਸੇ ਵੀ ਪਾਪੀ ਨੂੰ ਸਜ਼ਾ ਦੇਣ ਦੀ ਕਾਹਲੀ ਨਹੀਂ ਹੈ ਯਾਨੀ ਉਹ ਚਾਹੁੰਦਾ ਹੈ ਕਿ ''ਸੱਭੇ ਤੌਬਾ ਵੱਲ ਮੁੜਨ'' (2 ਪਤਰਸ 3:9)। ਕੁਝ ਲੋਕ ਖ਼ੁਦਾ ਨੂੰ ਜ਼ਾਲਮ ਰਾਜੇ ਵਾਂਗੂ ਵਿਖਾਉਂਦੇ ਹਨ ਜਿਹੜਾ ਕਮੀਆਂ ਲੱਭਣ ਵਿਚ ਰੁੱਝਾ ਰਹਿੰਦਾ ਹੈ; ਪਰ ਪਵਿੱਤਰ ਲਿਖਤ ਵਿਚ ਖ਼ੁਦਾ ਨੂੰ ਅਜਿਹਾ ਨਹੀਂ ਵਿਖਾਇਆ ਗਿਆ ਹੈ। ਖ਼ੁਦਾ ਵੱਲੋਂ ਨੀਨਵੇ ਨੂੰ ਨਾਸ ਨਾ ਕਰਨ 'ਤੇ ਜਦ ਯੂਨਾਹ ਨਰਾਜ਼ ਹੋ ਗਿਆ ਸੀ, ਤਾਂ ਖ਼ੁਦਾ ਨੇ ਅਜਿਹਾ ਸਲੂਕ ਕਰਨ 'ਤੇ ਉਹਨੂੰ ਝਿੜਕਿਆ ਸੀ। ਉਹਨੇ ਕਿਹਾ ਸੀ, ''ਕੀ ਇਸ ਵੱਡੇ ਸ਼ਹਿਰ ਨੀਨਵਾਹ ਉੱਤੇ ਮੈਨੂੰ ਤਰਸ ਨਹੀਂ ਕਰਨਾ ਚਾਹੀਦਾ, ਜਿਹਦੇ ਵਿਚ ਇਕ ਲੱਖ ਵੀਹ ਹਜ਼ਾਰ ਜਣਿਆਂ ਤੋਂ ਵੱਧ ਲੋਕ ਹਨ ਜੋ ਆਪਣੇ ਸੱਜੇ ਖੱਬੇ ਹੱਥ ਨੂੰ ਵੀ ਨਹੀਂ ਸਿਆਣ ਸਕਦੇ ਅਤੇ ਡੰਗਰ ਵੀ ਬਹੁਤ ਹਨ'' (ਯੂਨਾਹ 4:11)। ਮਨੁੱਖ ਨਾ ਬਚਾਏ ਜਾਣ 'ਤੇ ਖ਼ੁਦਾ ਦੁਖੀ ਹੁੰਦਾ ਹੈ। ਉਹਦਾ ਮਕਸਦ ਲੋਕਾਂ ਨੂੰ ਬਚਾਉਣਾ ਹੈ।

ਫਿਰ ਤਾਂ ਯਿਸੂ ਦਾ ਪਹਿਲੀ ਵਾਰ ਆਉਣਾ ਸੰਸਾਰ ਦਾ ਨਿਆਂ ਨਹੀਂ ਸਗੋਂ ਮੁਕਤੀ ਦੇਣ ਲਈ ਸੀ।

## ਉਹ ਸ਼ਰ੍ਹਾ ਅਤੇ ਨਬੀਆਂ ਦੀਆਂ ਗੱਲਾਂ ਨੂੰ ਨਾਸ ਕਰਨ ਨਹੀਂ, ਸਗੋਂ ਪੂਰਾ ਕਰਨ ਆਇਆ

ਯਿਸੂ ਨੇ ਆਪਣੇ ਮਗਰ ਆਉਣ ਵਾਲਿਆਂ ਨੂੰ ਕਿਹਾ, ''ਇਹ ਨਾ ਸਮਝੋ ਭਈ ਮੈਂ ਤੁਰੇਤ ਯਾ ਨਬੀਆਂ ਨੂੰ ਖੰਡਣ ਆਇਆ ਹਾਂ। ਮੈਂ ਖੰਡਣ ਨਹੀਂ ਸਗੋਂ ਪੂਰਿਆਂ ਕਰਨ ਨੂੰ ਆਇਆ ਹਾਂ'' (ਮੱਤੀ 5:17)। ਉਹਨੇ ਐਲਾਨ ਕੀਤਾ, ''... ਇਕ ਅੱਖਰ ਯਾ ਇਕ ਬਿੰਦੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਕੁਝ ਪੂਰਾ ਨਾ ਹੋਵੇ'' (ਮੱਤੀ 5:18)। ਤੁਰੇਤ ਜਾਂ ਸ਼ਰ੍ਹਾ ਉਦੋਂ ਤਕ ਖ਼ਤਮ ਨਹੀਂ ਹੋਈ *ਜਦ ਤਕ* ਇਹਦੀ ਇਕ ਇਕ ਗੱਲ ਪੂਰੀ ਨਹੀਂ ਹੋ ਗਈ।

ਕੁਝ ਲੋਕ ਇਹ ਦਾਅਵਾ ਕਰਨ ਲਈ ਕਿ ਪੁਰਾਣਾ ਨੇਮ ਅਜੇ ਵੀ ਲਾਗੂ ਹੈ, ਇਸ ਆਇਤ ਦੀ ਵਰਤੋਂ ਕਰਦੇ ਹਨ, ਪਰ ਇਸ ਵਿਚ ਇਹਦੇ ਬਿਲਕੁਲ ਉਲਟ ਸਿੱਖਿਆ ਹੈ। ਯਿਸੂ ਨਬੀਆਂ ਅਤੇ ਸ਼ਰ੍ਹਾ ਦੀਆਂ ਗੱਲਾਂ ਨੂੰ ਨਾਸ ਕਰਨ ਨਹੀਂ, ਸਗੋਂ ਪੂਰਾ ਕਰਨ ਲਈ ਆਇਆ ਸੀ। ਉਹਨੇ ਉਨ੍ਹਾਂ ਨੂੰ *ਪੂਰਾ ਕੀਤਾ* ਵੀ। ਉਹਨੇ ਨਬੂਵਤਾਂ ਅਤੇ ਸ਼ਰ੍ਹਾ ਦੀਆਂ ਸ਼ਰਤਾਂ ਨੂੰ ਪੂਰਾ ਕਰਕੇ ਉਨ੍ਹਾਂ ਨੂੰ ਪੂਰਾ ਕੀਤਾ। ਹੋਰ ਆਇਤਾਂ ਵੀ ਬੇਸ਼ੱਕ ਇਹੀ ਸਿਖਾਉਂਦੀਆਂ ਹਨ ਕਿ ਮੂਸਾ ਦੀ ਸ਼ਰ੍ਹਾ ਪੂਰੀ ਹੋ ਗਈ ਅਤੇ ਹੁਣ ਲਾਗੂ ਨਹੀਂ ਹੈ (ਪੜ੍ਹੋ ਇਬਰਾਨੀਆਂ 10:9, 10; ਕੁਲੁੱਸੀਆਂ 2:14; ਗਲਾਤੀਆਂ 3:24, 25)।

ਯਿਸੂ ਦੇ ਰੂਪ ਬਦਲਣ ਨਾਲ ਵੀ ਇਹੀ ਸਿੱਖਿਆ ਮਿਲਦੀ ਹੈ। ਮੂਸਾ ਅਤੇ ਏਲੀਆਹ ਦੀ ਮੌਜੂਦਗੀ ਵਿਚ, ਖ਼ੁਦਾ ਨੇ ਯਿਸੂ ਲਈ ਕਿਹਾ ਕਿ ''ਇਸ ਦੀ ਸੁਣੋ'' (ਮੱਤੀ 17:5)। ਇਕ ਜ਼ਮਾਨਾ ਸੀ ਜਦ ਲੋਕਾਂ ਲਈ ਮੂਸਾ ਅਤੇ ਨਬੀਆਂ ਦੀਆਂ ਗੱਲਾਂ ਨੂੰ ਅਖ਼ਤਿਆਰ ਦੇ ਰੂਪ ਵਿਚ ਮੰਨਣਾ ਜ਼ਰੂਰੀ ਸੀ ਪਰ ਹੁਣ ਮਸੀਹ ਦੀ ਸੁਣੀ ਜਾਣੀ ਚਾਹੀਦੀ ਹੈ ਅਤੇ ਉਹਨੂੰ ਹੀ ਮਾਪਦੰਡ ਮੰਨਿਆ ਜਾਣਾ ਚਾਹੀਦਾ ਹੈ।

## ਉਹ ਸੇਵਾ ਕਰਨ ਆਇਆ, ਕਰਾਉਣ ਨਹੀਂ

ਯਿਸੂ ਨੇ ਕਿਹਾ, ''ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ'' (ਮੱਤੀ 20:28)। ਜੇ ਉਹ ਚਾਹੁੰਦਾ ਤਾਂ ਆਪਣੀ ਸੇਵਾ ਲਈ, ਸਵਰਗ ਵਿੱਚੋਂ ਵੀ ਸੇਵਕਾਂ ਨੂੰ ਬੁਲਾ ਸਕਦਾ ਸੀ। ਸਵਰਗ ਅਤੇ ਧਰਤੀ ਦੀਆਂ ਸਭ ਸ਼ਕਤੀਆਂ ਉਹਦੇ ਹੱਥ ਵਿਚ ਸਨ, ਪਰ ਉਹ ਸੇਵਾ ਕਰਵਾਉਣ ਨਹੀਂ ਆਇਆ ਸੀ।

ਸੱਚੀ ਮਹਾਨਤਾ ਤੇ ਯਿਸੂ ਦਾ ਸਬਕ ਯਾਦ ਰੱਖਣ ਦੀ ਲੋੜ ਹੈ ਕਿ ''ਜੋ ਤੁਹਾਥੋਂ ਵੱਡਾ ਹੋਵੇ, ਉਹ ਤੁਹਾਡਾ ਸੇਵਕ ਬਣੇ'' (ਮੱਤੀ 23:11)। ਇਹ ਜ਼ੋਰ ਦੇਣ ਅਤੇ ਇਸ ਸਬਕ ਨੂੰ ਅਸਾਨ ਬਣਾਉਣ ਲਈ ਉਹਨੇ ਆਪਣੀ ਕਮਰ ਦੁਆਲੇ ਪਟਕਾ ਬੰਨਿਆ, ਜੋ ਕਿ ਦੀਨਤਾ ਨਾਲ ਸੇਵਾ ਦਾ ਪਟਕਾ ਸੀ ਅਤੇ ਉਹਨੇ ਚੇਲਿਆਂ ਦੇ ਪੈਰ ਧੋਤੇ (ਯੂਹੰਨਾ 13:5)।

ਸੰਸਾਰ ਵਿਚ ਅੱਜ ਅਜਿਹੇ ਬੇਸ਼ੁਮਾਰ ਲੋਕ ਹਨ ਜਿਨ੍ਹਾਂ ਦਾ ਪਰਮ ਉਦੇਸ਼ ਸੇਵਾ ਕਰਵਾਉਣਾ ਹੈ। ਉਹ ਆਪਣੇ ਸਹਾਇਕਾਂ ਤੋਂ, ਸਰਕਾਰ ਤੋਂ, ਕਲੀਸੀਆ ਤੋਂ ਅਤੇ ਜਿੱਥੋਂ ਵੀ ਮਿਲ ਜਾਏ

ਕੁਝ ਹਾਸਲ ਕਰਨਾ ਚਾਹੁੰਦੇ ਹਨ। ਹੋ ਸਕਦਾ ਹੈ ਕਿ ਕਲੀਸੀਆ ਦੇ ਲੋਕ ਸ਼ਿਕਾਇਤ ਕਰਨ ਕਿ ਉਨ੍ਹਾਂ ਦੀ ਸੇਵਾ ਨਹੀਂ ਕੀਤੀ ਜਾਂਦੀ। ਜ਼ਿੰਦਗੀ ਵਿਚ ਸਾਡੀ ਦਿਲਚਸਪੀ ਸੇਵਾ ਕਰਵਾਉਣ ਦੀ ਨਹੀਂ ਹੋਣੀ ਚਾਹੀਦੀ ਹੈ। ਸਾਡਾ ਕੰਮ ਸੇਵਾ ਕਰਨਾ ਹੈ। ਭਲਾ ਅਸੀਂ ਯਿਸੂ ਦੇ ਦੁਬਾਰਾ ਆਉਣ ਦੀ ਉਡੀਕ ਕਰ ਰਹੇ ਹਾਂ, ਕਿ ਉਹ ਆ ਕੇ ਆਪਣੀ ਕਮਰ ਦੁਆਲੇ ਪਟਕਾ ਬੰਨ੍ਹੇ ਅਤੇ ਸਾਡੇ ਪੈਰ ਧੋਵੇ? ਭਲਾ ਅਜੇ ਉਹਨੂੰ ਲੋੜ ਹੈ ਕਿ ਉਹ ਸਾਡੇ ਵਿਚ ਕਿਸੇ ਬੱਚੇ ਨੂੰ ਖੜਾ ਕਰਕੇ ਸਾਨੂੰ ਮਹਾਨਤਾ ਦਾ ਸਬਕ ਸਿਖਾਵੇ? ਇਹ ਸਬਕ ਤਾਂ ਉਹਨੇ ਪਹਿਲਾਂ ਹੀ ਸਿਖਾ ਦਿੱਤੇ ਹਨ, ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਤੋਂ ਸਿੱਖੀਏ।

## ਉਹ ਧਰਮੀਆਂ ਨੂੰ ਨਹੀਂ, ਪਾਪੀਆਂ ਨੂੰ ਬੁਲਾਉਣ ਆਇਆ

ਇਕ ਮੌਕੇ ਯਿਸੂ ਨੇ ਆਪਣੇ ਚੇਲਿਆਂ ਨੂੰ ਚੁਣੌਤੀ ਦਿੱਤੀ ਸੀ, ‘‘ਤੁਸੀਂ ਜਾ ਕੇ ਇਹ ਦਾ ਅਰਥ ਸਿੱਖੋ ਕਿ ਮੈਂ ਬਲੀਦਾਨ ਨੂੰ ਨਹੀਂ ਪਰ ਦਯਾ ਨੂੰ ਚਾਹੁੰਦਾ ਹਾਂ ਕਿਉਂ ਜੋ ਮੈਂ ਧਰਮੀਆਂ ਨੂੰ ਨਹੀਂ ਸਗੋਂ ਪਾਪੀਆਂ ਨੂੰ ਬੁਲਾਉਣ ਆਇਆ ਹਾਂ’’ (ਮੱਤੀ 9:13)। ਜਦ ਪਾਪੀਆਂ ਨਾਲ ਬੈਠ ਕੇ ਖਾਣ ਲਈ ਉਹਦੀ ਅਲੋਚਨਾ ਕੀਤੀ ਗਈ ਤਾਂ ਉਹਨੇ ਜਵਾਬ ਦਿੱਤਾ, ‘‘ਨਵੇਂ ਨਰੋਇਆਂ ਨੂੰ ਨਹੀਂ ਸਗੋਂ ਰੋਗੀਆਂ ਨੂੰ ਹਕੀਮ ਦੀ ਲੋੜ ਹੈ’’ (ਮੱਤੀ 9:12)।

ਯਿਸੂ ਨੇ ਉਨ੍ਹਾਂ ਵੱਲ ਧਿਆਨ ਦਿੱਤਾ ਜਿਨ੍ਹਾਂ ਨੂੰ ਦੂਜੇ ਲੋਕ ਨਜ਼ਰਅੰਦਾਜ਼ ਕਰ ਰਹੇ ਸਨ। ਜਦ ਯੂਹੰਨਾ ਨੂੰ ਇਸ ਭਰੋਸੇ ਦੀ ਲੋੜ ਸੀ ਕਿ ਯਿਸੂ ਹੀ ਅਸਲ ਮਸੀਹ ਹੈ, ਤਾਂ ਉਹਦੇ ਦੂਤਾਂ ਨੂੰ ਜਾ ਕੇ ਇਹ ਦੱਸਣ ਲਈ ਕਿਹਾ ਗਿਆ ਸੀ ਕਿ ‘‘ਅੰਨ੍ਹੇ ਸੁਜਾਖੇ ਹੁੰਦੇ ਹਨ ਅਤੇ ਲੰਙੇ ਤੁਰਦੇ ਹਨ, ਕੋੜ੍ਹੀ ਸ਼ੁੱਧ ਕੀਤੇ ਜਾਂਦੇ ਹਨ ਅਤੇ ਬੋਲੇ ਸੁਣਦੇ ਹਨ ਅਤੇ ਮੁਰਦੇ ਜਿਵਾਏ ਜਾਂਦੇ ਹਨ’’ (ਮੱਤੀ 11:5)। ਇਸ ਤੋਂ ਇਹ ਤਸਦੀਕ ਹੋ ਜਾਣੀ ਚਾਹੀਦੀ ਕਿ ਯਿਸੂ ਹੀ ਆਉਣ ਵਾਲਾ ਮਸੀਹ ਸੀ, ਕਿਉਂਕਿ ਇਹ ਨਬੂਵਤ ਕੀਤੀ ਗਈ ਸੀ ਕਿ ਮਸੀਹ ਇਹ ਸਭ ਕੰਮ ਕਰੇਗਾ ਜੋ ਯਿਸੂ ਕਰ ਰਿਹਾ ਸੀ (ਯਸਾਯਾਹ 61:1)। ਹਾਂ, ਯਿਸੂ ਉਨ੍ਹਾਂ ਲੋਕਾਂ ਕੋਲ ਗਿਆ ਜਿਨ੍ਹਾਂ ਨੂੰ ਦੂਜੇ ਲੋਕ ਨਜ਼ਰਅੰਦਾਜ਼ ਕਰ ਰਹੇ ਸਨ। ਇਹ ਮਿਸਾਲ ਬੁਰੇ ਲੋਕਾਂ ਦੀ ਮਦਦ ਕਰਨ ਦੇ ਮਕਸਦ ਤੋਂ ਇਲਾਵਾ ਉਨ੍ਹਾਂ ਨਾਲ ਸੰਗਤੀ ਰੱਖਣ ਨੂੰ ਕਿਸੇ ਤਰੀਕੇ ਨਾਲ ਸਹੀ ਨਹੀਂ ਠਹਿਰਾਉਂਦੀ ਹੈ।

## ਉਹ ਸ਼ਾਂਤੀ ਨਹੀਂ, ਸਗੋਂ ਲੜਾਈ ਕਰਵਾਉਣ ਆਇਆ

ਯਿਸੂ ਨੇ ਪਿਆਰ ਅਤੇ ਸ਼ਾਂਤੀ ਦੀਆਂ ਗੱਲਾਂ ਤਾਂ ਕੀਤੀਆਂ, ਪਰ ਉਹਨੇ ਐਲਾਨ ਕੀਤਾ ਕਿ ‘‘ਇਹ ਨਾ ਸਮਝੋ ਭਈ ਮੈਂ ਧਰਤੀ ਉੱਤੇ ਮੇਲ ਕਰਾਉਣ ਆਇਆ। ਮੇਲ ਕਰਾਉਣ ਨਹੀਂ ਸਗੋਂ ਤਲਵਾਰ ਚਲਾਉਣ ਆਇਆ ਹਾਂ’’ (ਮੱਤੀ 10:34)। ਧਰਮ ਨੂੰ ਕਿਸੇ ਵੀ ਬੰਧਨ ਤੋਂ ਉੱਪਰ ਰੱਖਿਆ ਜਾਣਾ ਚਾਹੀਦਾ ਹੈ। ਜਦ ਤਕ ਬੁਰਾਈ ਹੈ, ਫੁੱਟ ਤਾਂ ਰਹੇਗੀ ਹੀ। ਮਸੀਹੀ ਆਦਮੀ ਕੋਈ ਵੀ ਕੀਮਤ ਦੇ ਕੇ, ਭਾਵ ਸੱਚਾਈ ਦੀ ਕੀਮਤ ’ਤੇ ਸ਼ਾਂਤੀ ਵਾਸਤੇ ਤਿਆਰ ਨਹੀਂ ਹੈ। ਸਾਨੂੰ ਸੱਚਾਈ ਨੂੰ ਚੁਣਨਾ ਚਾਹੀਦਾ ਹੈ ਭਾਵੇਂ ਇਸ ਨਾਲ ਦੁਸ਼ਮਣੀ ਹੀ ਵਧ ਜਾਵੇ। ਸਾਨੂੰ ਮਸੀਹ ਦੇ ਪਿੱਛੇ ਚੱਲਣ ਦੀ ਧਾਰ ਲੈਣੀ ਚਾਹੀਦੀ ਹੈ ਭਾਵੇਂ ਇਹਦਾ ਮਤਲਬ ਮਿੱਤਰਾਂ ਤੋਂ ਹੱਥ ਧੋ ਬਹਿਣਾ ਹੀ ਹੈ। ਇਨ੍ਹਾਂ ਅਰਥਾਂ ਵਿਚ ਉਹ ਤਲਵਾਰ ਚਲਾਉਣ ਆਇਆ:

> ਕਿਉਂ ਜੋ ਮੈਂ ਮਨੁੱਖ ਨੂੰ ਉਹਦੇ ਪਿਓ ਤੋਂ ਅਤੇ ਧੀ ਨੂੰ ਉਹਦੀ ਮਾਂ ਤੋਂ ਅਤੇ ਨੂੰਹ ਨੂੰ

ਉਹਦੀ ਸੱਸ ਤੋਂ ਅੱਡ ਕਰਨ ਆਇਆ ਹਾਂ। ਅਰ ਮਨੁੱਖ ਦੇ ਵੈਰੀ ਉਹਦੇ ਘਰ ਦੇ ਹੀ ਹੋਣਗੇ।

ਜੋ ਕੋਈ ਪਿਉ ਯਾ ਮਾਂ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ ਅਤੇ ਜੋ ਕੋਈ ਪੁੱਤਰ ਯਾ ਧੀ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ (ਮੱਤੀ 10:35-37)।

ਜਦ ਸੰਸਾਰਕ ਪਰਿਵਾਰ ਦੇ ਮੈਂਬਰਾਂ ਅਤੇ ਮਸੀਹ ਵਿੱਚੋਂ ਕਿਸੇ ਇਕ ਨੂੰ ਚੁਣਨਾ ਹੋਵੇ ਤਾਂ ਸਾਨੂੰ ਮਸੀਹ ਨੂੰ ਹੀ ਚੁਣਨਾ ਚਾਹੀਦਾ ਹੈ। ਜੇ ਆਪਣੇ ਮਾਤਾ ਜਾਂ ਪਿਤਾ, ਭਾਈ ਜਾਂ ਭੈਣ ਜਾਂ ਕਿਸੇ ਹੋਰ ਵਿਅਕਤੀ ਜਾਂ ਵਸਤੂ ਨੂੰ ਯਿਸੂ ਨਾਲੋਂ ਵੱਧ ਪਿਆਰ ਕਰਦੇ ਹਾਂ ਤਾਂ ਅਸੀਂ ਉਹਦੇ ਚੇਲੇ ਨਹੀਂ ਹੋ ਸਕਦੇ। ਜੇ ਉਹ ਹਰ ਹਾਲ ਵਿਚ ਪ੍ਰਭੂ ਹੈ, ਤਾਂ ਉਹਨੂੰ ਹਰ ਗੱਲ ਵਿਚ ਪ੍ਰਭੂ ਹੋਣਾ ਚਾਹੀਦਾ ਹੈ।

## ਸਾਰ

ਤੁਸੀਂ ਮਸੀਹ ਦੇ ਆਉਣ ਦੇ ਕਾਰਣਾਂ ਨੂੰ ਗ਼ਲਤ ਤਾਂ ਨਹੀਂ ਸਮਝ ਗਏ? ਕੀ ਤੁਹਾਡੀ ਜ਼ਿੰਦਗੀ ਉਹੋ ਜਿਹੀ ਹੀ ਹੈ ਜਿਹੋ ਜਿਹੀ ਖ਼ੁਦਾ ਚਾਹੁੰਦਾ ਹੈ।